ਸਮੱਸਤ ਇਲਾਹੀ ਜੋਤ ਬਾਬਾ ਨੰਦ ਸਿੰਘ ਜੀ ਮਹਾਰਾਜ

This is text of the Video

# Guru Granth Te Ghol Ghumaya Apna Jeewan Sara

by

Brig. Partap Singh Ji Jaspal (Retd.)

available at:

www.SikhVideos.org

ਗੁਰੂ ਗ੍ਰੰਥ ਤੇ ਘੋਲ ਘੁਮਾਇਆ
ਆਪਣਾ ਜੀਵਨ ਸਾਰਾ

Guru Granth Te Ghol Ghumaya
Apna Jeewan Sara

*"ਜੇ ਗੁਰੂ ਨਾਨਕ ਦੇ ਪਿਆਰ ਵਿਚ ਖੂਨ ਵੀ ਪਾਣੀ ਹੋ ਜਾਵੇ, ਹੱਡੀਆਂ ਸੁੱਕ ਜਾਣ ਤੇ ਮੌਤ ਜੱਫੀ ਪਾ ਲਏ (ਜਾਨ ਨਿਕਲ ਜਾਏ) ਤੇ ਪ੍ਰੇਮ ਕਰਨ ਵਾਲਾ ਜੇ ਪੂਰੀ ਤਰ੍ਹਾਂ ਫਨਾਹ ਹੋ ਜਾਵੇ ਤਾਂ ਕੀ ਹੋਇਆ !*

*(–ਬਾਬਾ ਨੰਦ ਸਿੰਘ ਜੀ ਮਹਾਰਾਜ)*

*ਛੋਟੀ ਉਮਰ ਵਿਚ ਇਸ ਬੱਚੇ ਰੂਪੀ ਭਗਵਾਨ ਦਾ ਅਜਿਹਾ ਦ੍ਰਿੜ੍ਹ ਨਿਸਚਾ ਸੀ।"*

# ਨਿਰੰਕਾਰ, ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਕ ਮਹਾਨ ਆਸ਼ਿਕ ਦੀ ਪ੍ਰੇਮ ਲੀਲ੍ਹਾ

*ਅਗਮ ਅਗਾਧਿ ਪਾਰਬ੍ਰਹਮੁ ਸੋਇ ॥ ਜੋ ਜੋ ਕਹੈ ਸੁ ਮੁਕਤਾ ਹੋਇ ॥*
*ਸੁਨਿ ਮੀਤਾ ਨਾਨਕੁ ਬਿਨਵੰਤਾ ॥ ਸਾਧ ਜਨਾ ਕੀ ਅਚਰਜ ਕਥਾ ॥*

***-ਸੁਖਮਨੀ ਸਾਹਿਬ***

*ਜੁਗਿ ਜੁਗਿ ਸਤਿਗੁਰ ਧਰੇ ਅਵਤਾਰੀ॥*

ਹਰ ਜੁੱਗ ਦੇ ਵਿਚ ਆਉਂਦਾ ਹੈ, ਨਵੇਂ ਹੀ ਖੇਡ ਰੱਚ ਦਿੰਦਾ ਹੈ, ਇਕ ਬਚਿੱਤ੍ਰ ਪ੍ਰੇਮ ਲੀਲ੍ਹਾ ਰੱਚ ਦਿੰਦਾ ਹੈ। ਫਿਰ ਉਹ ਪ੍ਰੇਮ ਲੀਲ੍ਹਾ ਨੂੰ ਪ੍ਰਗਟ ਕਰਨ ਵਾਸਤੇ ਆਪਣੇ ਹੀ ਭਗਤਾਂ ਨੂੰ

ਭੇਜਦਾ ਹੈ। ਭਗਵਾਨ ਰਾਮ ਆਏ ਤ੍ਰੇਤੇ ਵਿਚ, ਭਗਵਾਨ ਕ੍ਰਿਸ਼ਨ ਜੀ ਆਏ ਦੁਆਪਰ ਵਿਚ, ਗੁਰੂ ਨਾਨਕ ਪਾਤਸ਼ਾਹ ਆਏ ਕਲਿਜੁਗ ਵਿਚ, ਭਗਵਾਨ ਰਾਮ ਨੇ ਆਪਣੇ ਭਗਤ ਭੇਜੇ, ਭਗਵਾਨ ਸ੍ਰੀ ਕ੍ਰਿਸ਼ਨ ਨੇ ਆਪਣੇ ਭਗਤ ਭੇਜੇ। ਉਨ੍ਹਾਂ ਨੇ ਆਪਣੇ ਇਸ਼ਟ ਨੂੰ, ਆਪਣੇ ਭਗਵਾਨ ਨੂੰ, ਉਸ ਪ੍ਰੇਮ ਨੂੰ ਪ੍ਰਗਟ ਕੀਤਾ ਹੈ। ਇਸ਼ਟ ਔਰ ਭਗਵਾਨ ਨੇ ਆਪਣੇ ਭਗਤਾਂ ਨੂੰ, ਉਨ੍ਹਾਂ ਦੇ ਪ੍ਰੇਮ ਨੂੰ ਪ੍ਰਗਟ ਕੀਤਾ ਹੈ। ਸਾਧ ਸੰਗਤ ਜੀ, ਗੁਰੂ ਨਾਨਕ ਪਾਤਸ਼ਾਹ ਦਸ ਜਾਮਿਆਂ ਵਿਚ ਆਏ। ਫਿਰ ਨਿਰੰਕਾਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਰੂਪ ਧਾਰਿਆ, ਸਰੂਪ ਧਾਰਨ ਕੀਤਾ ਹੈ।

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥*

ਜਿਨ੍ਹਾਂ ਨੂੰ ਉਹ ਭੇਜਦਾ ਹੈ ਉਹ ਜਨਮ-ਮਰਨ ਵਿਚ ਨਹੀਂ ਹੁੰਦੇ। ਸਾਹਿਬ ਨੇ ਇਕ ਮਹਾਨ ਗੁਰਮੁੱਖ ਆਸ਼ਿਕ ਭੇਜਿਆ ਹੈ, ਆਪਣੇ ਚਰਨਾਂ ਦਾ ਪ੍ਰੇਮ-ਪ੍ਰਕਾਸ਼ ਭੇਜਿਆ ਹੈ ਫਿਰ ਕਿਸ ਤਰ੍ਹਾਂ ਉਹ ਗੁਰੂ ਨਾਨਕ ਪਾਤਸ਼ਾਹ ਦੀ ਪ੍ਰੇਮ ਲੀਲ੍ਹਾ, ਦਸੋਂ ਪਾਤਸ਼ਾਹੀਆਂ ਦੀ ਹਾਜ਼ਰ-ਨਾਜ਼ਰ ਜਾਗਦੀ ਜੋਤ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ, ਉਸ ਦੀ ਮਹਾਨਤਾ, ਵਡਿਆਈ ਨੂੰ, ਭਗਵਤਾ ਨੂੰ, ਕਿਸ ਤਰ੍ਹਾਂ ਉਸ ਦਾ ਪ੍ਰੇਮ ਔਰ ਪੂਰਨੇ ਪ੍ਰਗਟ ਕਰਦੇ ਹਨ।

ਇਸ ਸੰਸਾਰ ਦੇ ਵਿਚ ਇਕ ਬੱਚਾ ਪ੍ਰਕਾਸ਼ ਦੇ ਵਿਚ ਲਿਪਟਿਆ ਹੋਇਆ ਆਇਆ ਹੈ। ਉਹ ਹਨੇਰੇ ਕਮਰੇ ਦੇ ਵਿਚ ਪ੍ਰਕਾਸ਼ ਹੋ ਗਿਆ ਹੈ, ਦਾਈ ਚਕਾ-ਚੌਂਧ ਹੋ ਗਈ ਹੈ। ਜਾ ਕੇ ਸਾਰਿਆਂ ਨੂੰ

ਖ਼ਬਰ ਕੀਤੀ ਹੈ, ਸਾਰੇ ਹੈਰਾਨ ਹੋ ਗਏ ਹਨ। ਉਹ ਗੱਲ ਬਿਜਲੀ ਦੀ ਤਰ੍ਹਾਂ ਸਾਰੇ ਪਿੰਡ ਵਿਚ ਫੈਲ ਗਈ ਕਿ ਇਕ ਰੱਬੀ ਬਾਲ ਨੇ ਜਨਮ ਲਿਆ ਹੈ। ਕੁੱਝ ਸਮਾਂ ਬੀਤਿਆ ਹੈ, ਉਹ ਗੱਲ ਸੁਣੀ-ਸੁਣਾਈ ਹੋ ਗਈ। ਸਾਧ ਸੰਗਤ ਜੀ! ਉਹ ਰੱਬੀ ਬਾਲ, ਉਹ ਜਿਹੜਾ ਪੈਦਾਇਸ਼ੀ ਗੁਰਮੁੱਖ ਹੈ, ਗੁਰੂ ਨਾਨਕ ਦਾ, ਨਿਰੰਕਾਰ ਦਾ, ਗੁਰੂ ਸਾਹਿਬਾਨ ਦਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ, ਜਿਹੜਾ ਮਹਾਨ ਆਸ਼ਿਕ ਇਸ ਦੁਨੀਆਂ ਵਿਚ ਉਨ੍ਹਾ ਨੇ ਭੇਜਿਆ ਹੈ, ਆਪਣੇ ਬਚਪਨ ਤੋਂ ਹੀ ਕਿਸ ਤਰ੍ਹਾਂ ਉਸ ਪ੍ਰੇਮ ਲੀਲ੍ਹਾ, ਗੁਰੂ ਨਾਨਕ ਪਾਤਸ਼ਾਹ ਨੂੰ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਡਿਆਈ ਨੂੰ, ਉਨ੍ਹਾ ਦੀ ਭਗਵਤਾ ਨੂੰ ਕਿਸ ਤਰ੍ਹਾਂ ਪ੍ਰਗਟ ਕਰਦਾ ਹੈ। ਇਹ ਉਸ ਮਹਾਨ ਆਸ਼ਿਕ ਦੀ ਕਥਾ ਹੈ।

*ਸੁਣੋ ਮੇਰੇ ਵੀਰ ਜੀਉ ਬਾਬੇ ਨੰਦ ਸਿੰਘ ਜੀ*
*ਦੀ ਅਮਰ ਕਥਾ।*

*ਬਾਬੇ ਨੰਦ ਸਿੰਘ ਜੀ ਦੀ ਅਮਰ ਕਥਾ,*
*ਬਾਬੇ ਨੰਦ ਸਿੰਘ ਜੀ ਦੀ ਅਮਰ ਕਥਾ।*

*ਸੁਣੋ ਮੇਰੇ ਵੀਰ ਜੀਉ ਬਾਬੇ ਨੰਦ ਸਿੰਘ ਜੀ*
*ਦੀ ਅਮਰ ਕਥਾ।*

# ਪੰਜ ਸਾਲ ਦੀ ਉਮਰ ਵਿਚ ਮੌਤ ਦੇ ਮੂੰਹ ਤੇ ਸਮਾਧੀ

ਪੰਜ ਸਾਲ ਦੀ ਆਯੂ ਵਿਚ ਇਹ ਬੱਚਾ, ਇੰਨੀ ਛੋਟੀ ਆਯੂ ਵਿਚ ਕਿਹੜੇ ਪ੍ਰੇਮ ਵਿਚ ਇੰਨਾਂ ਤੜਪ ਰਿਹਾ ਸੀ। ਇਹ ਕਿਸ ਤੀਬਰਤਾ ਨਾਲ ਆਪਣੇ ਪਰਮ ਲਕਸ਼ ਵੱਲ ਭੱਜਿਆ ਜਾ ਰਿਹਾ ਹੈ, ਰਾਤ ਨੂੰ ਖੂਹ ਉੱਤੇ, ਮੌਤ ਦੇ ਮੂੰਹ ਤੇ ਸਮਾਧੀ ਲਾ ਕੇ ਬੈਠ ਜਾਂਦਾ ਹੈ। ਸਾਧ ਸੰਗਤ ਜੀ, ਇਹ ਕੋਈ ਨਵੀਂ ਗੱਲ ਨਹੀ ਹੈ।

*ਹਰਿ ਜੁਗੁ ਜੁਗੁ ਭਗਤ ਉਪਾਇਆ*
*ਪੈਜ ਰਖਦਾ ਆਇਆ ਰਾਮ ਰਾਜੇ॥*

*-ਸ੍ਰੀ ਗੁਰੂ ਰਾਮ ਦਾਸ ਜੀ*

ਜੇ ਇਕ ਬੱਚਾ (ਧਰੂ) ਪੰਜ ਸਾਲ ਦੀ ਉਮਰ ਵਿਚ ਜੰਗਲ ਵਿਚ ਮੌਤ ਦੇ ਮੂੰਹ ਵਿਚ ਤੁਰ ਪਿਆ ਹੈ, ਜੇ ਮੌਤ ਦੀ ਧੇਲੇ ਦੀ ਪਰਵਾਹ ਨਹੀ ਕਰਦਾ ਹੈ। ਪ੍ਰਹਲਾਦ ਭਗਤ, ਉਹ ਵੀ ਪੰਜ ਸਾਲ ਦੀ ਉਮਰ ਵਿਚ। ਇਹ ਪੰਜ ਸਾਲ ਦੀ ਉਮਰ ਵਿਚ ਗੁਰੂ ਨਾਨਕ ਪਾਤਸ਼ਾਹ ਨਾਲ ਪਿਆਰ ਕਰਦਾ ਹੈ ਔਰ ਜੇ ਪੁੱਛਿਆ ਹੈ ਕਿ ਜਰ੍ਹਾਂ ਕੁ ਨੀਂਦ ਦਾ ਝੌਂਕਾ ਆ ਜਾਵੇ ਤੇ ਖੂਹ ਵਿਚ ਡਿੱਗਣ ਵਾਲੀ ਗੱਲ ਹੈ, ਅੱਗੋਂ ਜੁਵਾਬ ਦਿੱਤਾ ਹੈ,

**ਜੇ ਗੁਰੂ ਨਾਨਕ ਪਾਤਸ਼ਾਹ ਦੇ ਪਿਆਰ ਵਿਚ ਨੀਂਦ ਆ ਜਾਵੇ ਤੇ ਫਿਰ ਤਾਂ ਖੂਹ ਵਿਚ**

**ਡਿੱਗ ਕੇ ਮਰਨਾ ਜਿਆਦਾ ਚੰਗਾ ਹੈ।**

ਇਹ ਕਿਸ ਤਰ੍ਹਾਂ ਦਾ ਪ੍ਰੇਮ ਹੈ ਜੋ ਇਹ ਪੰਜ ਸਾਲ ਦਾ ਬੱਚਾ ਗੁਰੂ ਨਾਨਕ ਪਾਤਸ਼ਾਹ ਦਾ ਭੇਜਿਆ ਹੋਇਆ ਪੈਦਾਇਸ਼ੀ ਭਗਤ ਗੁਰਮੁੱਖ ਉਸ ਵੇਲੇ ਪ੍ਰੇਮ ਕਰ ਰਿਹਾ ਹੈ। ਜਿਹੜੀ ਲੀਲ੍ਹਾ ਇਹ ਰੱਚ ਰਿਹਾ ਹੈ ਗੁਰੂ ਨਾਨਕ ਪਾਤਸ਼ਾਹ ਦੇ ਪਿਆਰ ਵਿਚ। ਸਾਧ ਸੰਗਤ ਜੀ ਦੂਜਾ ਸਵਾਲ ਇਹ ਪੈਦਾ ਹੁੰਦਾ ਹੈ ਇਹ ਨੀਂਦ, ਬੜੀ ਹੈਰਾਨੀ ਦੀ ਗੱਲ ਹੈ ਇਹ ਇਕ ਪਹਿਲੀ ਹੀ ਚੀਜ਼ ਹੈ ਇਸ ਦੁਨੀਆਂ ਵਿਚ ਕਿ ਕਿਸੇ ਨੇ ਸਾਰੀ ਉਮਰ ਬਾਬਾ ਨੰਦ ਸਿੰਘ ਸਾਹਿਬ ਨੂੰ ਸੁੱਤਿਆਂ ਨਹੀਂ ਦੇਖਿਆ। ਇਹ ਠੀਕ ਹੈ ਅਸੀਂ ਪੜ੍ਹਦੇ ਹਾਂ, "ਬ੍ਰਹਮ ਗਿਆਨੀ ਸਦਾ ਸਦ ਜਾਗਤ" ਪਰ ਜਿਹੜਾ ਪ੍ਰੇਮ ਦੇ ਵਿਚ ਤੜਪ ਰਿਹਾ ਹੋਵੇ, ਗੁਰੂ ਅਮਰਦਾਸ ਜੀ ਸੱਚੇ ਪਾਤਸ਼ਾਹ ਆਪਣੇ ਸਾਹਿਬ ਵਾਸਤੇ, ਆਪਣੇ ਪਿਆਰੇ ਸਤਿਗੁਰੂ ਵਾਸਤੇ ਇਸ਼ਨਾਨ ਦਾ ਜਲ ਲਿਆਉਂਦੇ ਹਨ। ਕੀ ਸਖ਼ਤ ਗਰਮੀ ਹੈ, ਕੀ ਸਖ਼ਤ ਸਰਦੀ ਹੈ, ਉਹਦੇ ਵਿਚ ਪੁੱਠੇ ਪੈਰੀ ਤੁਰੀ ਜਾ ਰਹੇ ਹਨ। ਸਾਹਿਬ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ,

*ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ ॥*
*ਮਨੁ ਤਨੁ ਸੀਤਲੁ ਸਾਚ ਸਿਉ ਸਾਸੁ ਨ ਬਿਰਥਾ ਕੋਇ ॥*

ਇਕ ਛਿੱਨ ਵੀ ਪਿਆਰਾ ਵਿਸਰ ਜਾਏ, ਤਾਂ ਉਹ ਕਿਹੜੀ ਭਗਤੀ ਕਿਹੜਾਂ ਪ੍ਰੇਮ, ਮੇਰਾ ਮਨ ਤਨ ਰੰਗਿਆ ਪਿਆ ਹੈ, ਪਿਆਰੇ ਦੇ ਪ੍ਰੇਮ ਦੇ ਵਿਚ ਰਤਿਆ ਪਿਆ ਹੈ, ਇਕ ਸਵਾਸ ਬਿਰਥਾ ਨਹੀ ਜਾ ਸਕਦਾ ਹੈ। ਗੁਰੂ ਅਮਰਦਾਸ ਜੀ ਸੱਚੇ ਪਾਤਸ਼ਾਹ ਐਡਾ ਪ੍ਰੇਮ ਕਰ ਰਹੇ ਹਨ ਜਿਸ ਪ੍ਰੇਮ ਦਾ ਸਰੂਪ

ਗੁਰੂ ਅੰਗਦ ਸਾਹਿਬ ਹਨ। ਗੁਰੂ ਅੰਗਦ ਸਾਹਿਬ ਨੇ ਕੈਸਾ ਪ੍ਰੇਮ ਕੀਤਾ ਹੈ, ਗੁਰੂ ਨਾਨਕ ਨਿਰੰਕਾਰ ਦੇ ਅਲਾਵਾ ਉਨ੍ਹਾਂ ਵਾਸਤੇ ਕੋਈ ਹੋਰ ਵੀ ਨਿਰੰਕਾਰ ਹੈ? ਸਾਧ ਸੰਗਤ ਜੀ,

*ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥*
*ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥*

ਇਹ ਗੁਰੂ ਅੰਗਦ ਸਾਹਿਬ ਫੁਰਮਾਉਂਦੇ ਹਨ। ਇਕ ਨਾਲ ਹੀ ਪ੍ਰੇਮ ਹੈ ਉਹ ਹੈ ਗੁਰੂ ਨਾਨਕ ਪਾਤਸ਼ਾਹ ਨਾਲ। ਬਾਬਾ ਨੰਦ ਸਿੰਘ ਸਾਹਿਬ ਨੇ ਇੱਕ ਦਫ਼ਾ ਫੁਰਮਾਇਆ ਕਿ,

**"ਬੜੀਆਂ ਗੱਲਾਂ ਮਾਰਦਾ ਹੈ ਕਿ ਪੱਤੇ-ਪੱਤੇ ਤੇ ਕਣ-ਕਣ ਵਿਚ ਨਿਰੰਕਾਰ ਹੈ, ਜੇ ਆਪਣੇ ਸਤਿਗੁਰੂ ਵਿਚ ਨਿਰੰਕਾਰ ਨਹੀ ਦਿਸਦਾ ਤਾਂ ਤਸੱਲੀ ਰੱਖੇ ਪ੍ਰਾਪਤੀ ਬਹੁਤ ਦੂਰ ਹੈ।"**

*-ਬਾਬਾ ਨੰਦ ਸਿੰਘ ਜੀ ਮਹਾਰਾਜ*

ਸਾਧ ਸੰਗਤ ਜੀ, ਗੁਰੂ ਨਾਨਕ ਪਾਤਸ਼ਾਹ ਨਾਲ ਪਿਆਰ ਕਰ ਰਹੇ ਹਨ ਗੁਰੂ ਅੰਗਦ ਸਾਹਿਬ ਸੱਚੇ ਪਾਤਸ਼ਾਹ, ਜਿਸ ਪਿਆਰ ਵਿਚ ਕੀ ਮਜਾਲ ਹੈ ਨਾ ਕੋਈ ਹੋਰ ਨਿਰੰਕਾਰ ਹੈ ਨਾਂ ਕੋਈ ਸੰਸਾਰ ਹੈ ਸਿਰਫ ਇੱਕੋ ਇੱਕ ਪਿਆਰ ਹੀ ਪਿਆਰ ਹੈ, ਪ੍ਰੇਮ ਹੀ ਪ੍ਰੇਮ ਹੈ ਉਹ ਸ੍ਰੀ ਗੁਰੂ ਅੰਗਦ ਸਾਹਿਬ ਉਸ ਪ੍ਰੇਮ ਵਿਚ ਔਰ ਜਿਸ ਨਿਮਰਤਾ ਵਿਚ ਗੁਰੂ ਨਾਨਕ ਪਾਤਸ਼ਾਹ ਨਾਲ ਪ੍ਰੇਮ ਕੀਤਾ ਹੈ, ਜਿਸ ਨਿਮਰਤਾ ਵਿਚ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਦੀ ਧੂੜ ਬਣੇ ਹਨ, ਗੁਰੂ ਨਾਨਕ ਪਾਤਸ਼ਾਹ ਦੇ ਹੋ ਨਿਬੜੇ।

ਗੁਰੂ ਅਮਰਦਾਸ ਜੀ ਜਿਸ ਤਰ੍ਹਾਂ ਪ੍ਰੇਮ ਕਰ ਰਹੇ ਹਨ ਤਾਂ ਸਾਧ ਸੰਗਤ ਜੀ ਇਹ ਭਗਤ ਕਿਨ੍ਹਾ ਨੇ ਭੇਜਿਆ ਹੈ ਉਹ ਹੀ ਗੁਰੂ ਨਾਨਕ ਪਾਤਸ਼ਾਹ ਤੇ ਗੁਰੂ ਸਾਹਿਬਾਨ ਨੇ ਹੀ ਭੇਜਿਆ ਹੈ, ਜਿਸ ਨੇ ਸਪਸ਼ਟ ਰੂਪ ਵਿਚ ਇਹ ਜਤਾਇਆ ਕਿ ਦਸੋਂ ਪਾਤਸ਼ਾਹੀਆਂ ਦੀ ਹਾਜ਼ਿਰ-ਨਾਜ਼ਰ ਜਾਗਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ, ਉਹ ਦਸੋਂ ਪਾਤਸ਼ਾਹੀਆਂ ਦੇ ਪ੍ਰੇਮ ਨੂੰ ਉਨ੍ਹਾਂ ਦੀ ਵਡਿਆਈ ਨੂੰ, ਉਨ੍ਹਾਂ ਨੂੰ ਜਿਸ ਤਰ੍ਹਾਂ ਫਿਰ ਬਾਬਾ ਨੰਦ ਸਿੰਘ ਸਾਹਿਬ ਨੇ ਸਤਿਕਾਰਿਆ ਹੈ, ਪਿਆਰਿਆ ਹੈ, ਨਿਹਾਰਿਆ ਹੈ ਤੇ ਪ੍ਰਗਟ ਕੀਤਾ ਹੈ, ਕਮਾਲ ਹੀ ਕਮਾਲ ਹੈ। ਉਹ ਪ੍ਰੇਮ ਹੈ ਉਸ ਪੰਜ ਸਾਲ ਦੇ ਬੱਚੇ ਦਾ, ਉਸ ਵੇਲੇ ਇਸ ਤਰ੍ਹਾਂ ਭਾਸਦਾ ਹੈ, ਜਿਸ ਤਰ੍ਹਾਂ ਗੁਰੂ ਅੰਗਦ ਸਾਹਿਬ ਨੇ, ਗੁਰੂ ਅਮਰਦਾਸ ਜੀ ਨੇ, ਗੁਰੂ ਰਾਮਦਾਸ ਜੀ ਨੇ, ਜਿਸ ਤਰ੍ਹਾਂ ਉਹ ਪੂਰਨੇ ਪਾਏ ਸੀ, ਜਿਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਨਾਲ ਪ੍ਰੇਮ ਕੀਤਾ ਹੈ ਉਹ ਸਭ ਕੁੱਛ ਉਹ ਬਖਸ਼ਿਸ਼ਾਂ ਆਪਣੇ ਚਰਨ ਕਮਲਾਂ ਦੇ ਆਸ਼ਿਕ ਨੂੰ, ਇਸ ਮਹਾਨ ਗੁਰਮੁੱਖ ਨੂੰ, ਇਸ ਮਹਾਨ ਭਗਤ ਨੂੰ ਦਾਤਾਂ ਨਾਲ ਝੋਲੀ ਭਰ ਦਿੱਤੀ ਹੈ। ਸਾਹਿਬ ਆਉਂਦੇ ਹਨ ਤੇ ਆ ਕੇ ਫਿਰ ਕਿਸ ਤਰ੍ਹਾਂ ਪੂਰਨੇ ਪਾਉਂਦੇ ਹਨ।

*ਪੰਜ ਸਾਲ ਦੀ ਉਮਰ 'ਚ ਬਾਬਿਆਂ ਕੌਤਕ ਇਕ ਦਿਖਲਾਇਆ।*
*ਘਰ ਚੌਂ ਬਾਹਰ ਨਿਕਲੇ ਬਾਬੇ ਸੱਭ ਨੂੰ ਫਿਕਰ ਸਤਾਇਆ।*
*ਲੈਂਪਾਂ ਲੈ ਕੇ ਲੱਭਣ ਲੱਗੇ ਸਾਕ ਸੰਬੰਧੀ ਸੱਭੇ।*
*ਰਹੇ ਢੂੰਢਦੇ ਬਾਬਾ ਜੀ ਦਾ ਖੁਰਾ ਖੋਜ ਨਾ ਲੱਭੇ।*

ਬਾਲਕ ਬਾਬੇ ਕਿਤੇ ਨਿਕਲ ਗਏ ਕੌਤਕ ਬੜੇ ਨਿਆਰੇ।
ਪੁੱਛਣ ਮਾਤਾ ਸਦਾ ਕੌਰ ਨੂੰ ਸਾਕ ਸੰਬੰਧੀ ਸਾਰੇ।
ਕੀ ਵੇਂਹਦੇ ਐ ਨੂਰੀ ਜੋਤੀ ਇਕ ਦਮ ਨਜ਼ਰੀ ਆਈ।
ਬਾਬਾ ਜੀ ਨੇ ਖੂਹ ਦੀ ਮਣ ਤੇ ਸੁੰਨ ਸਮਾਧੀ ਲਾਈ।
ਇਹ ਕੀ ਕੀਤਾ ਬਾਬਾ ਜੀਉ ਇਹ ਕੀ ਵੇਸ ਬਣਾਇਆ।
ਹੋਰ ਜਗ੍ਹਾ ਨਹੀ ਲੱਭਦੀ ਤੁਹਾਨੂੰ ਖੂਹ ਤੇ ਆਸਣ ਲਾਇਆ।
ਤੁਸਾਂ ਤਾਂ ਖੂਹ ਵਿਚ ਡਿੱਗ ਪੈਣਾ ਸੀ ਕਿਵੇਂ ਸਬੰਧੀ ਜਰਦੇ।
ਇਹ ਤਸੀਹਾ ਵਿਛੜਣ ਵਾਲਾ ਕਿਵੇਂ ਝੱਲਦੇ ਘਰ ਦੇ।
ਬਾਬੇ ਬੋਲੇ ਏਸ ਦੇਹੀ ਨੂੰ ਕੀ ਭਰਾਵੋ ਕਰਨਾ।
ਭਜਨ ਬਿਨਾ ਤਾਂ ਬਹੁਤਾ ਹੀ ਚੰਗਾ ਖੂਹ ਵਿਚ ਡਿੱਗ ਕੇ ਮਰਨਾ।
ਵਾਹ ਵਾਹ ਬਾਬਾ ਨੰਦ ਸਿੰਘ ਜੀ ਤੇਰਾ ਆਉਣਾ ਨਿਆਰਾ।
ਗੁਰੂ ਗ੍ਰੰਥ ਤੇ ਘੋਲ ਘੁਮਾਇਆ ਆਪਣਾ ਜੀਵਨ ਸਾਰਾ।

# ਗੁਰਮੁੱਖ, ਗੁਰੂ ਦਾ ਜਨਮ ਦਿਨ ਹਰ ਰੋਜ ਹੀ ਮਨਾਉਂਦਾ ਹੈ

ਸਵਾਲ ਪੈਦਾ ਹੁੰਦਾ ਹੈ, ਬਾਬਾ ਨੰਦ ਸਿੰਘ ਸਾਹਿਬ ਨੇ ਰਾਤ 12 ਵਜੇ ਦਾ ਵਕਤ ਚੁਣਿਆ ਇਸ਼ਨਾਨ ਕਰਨ ਵਾਸਤੇ, ਇਸ ਸਵਾਲ ਦਾ ਜੁਵਾਬ ਮਿਲਦਾ ਕਦੋਂ ਹੈ। ਬਾਬਾ ਨੰਦ ਸਿੰਘ ਜੀ ਨੇ ਸੰਗਤ ਵਿਚ ਇਕ ਦਿਨ ਫ਼ੁਰਮਾਇਆ, ਗੁਰਸਿੱਖ ਆਪਣੇ ਗੁਰੂ ਦਾ ਜਨਮ ਦਿਨ ਰੋਜ ਮਨਾਉਂਦੇ ਹਨ, ਆਪਣੇ ਗੁਰੂ ਦਾ ਪ੍ਰਕਾਸ਼ ਉਤਸਵ ਹਰ ਰੋਜ ਹੀ ਮਨਾਉਂਦੇ ਹਨ। ਨਵੀਂਆਂ ਉਮੰਗਾਂ, ਨਵੀਂਆਂ ਤਰੰਗਾਂ 'ਚ', ਨਵੇਂ ਜਜ਼ਬਿਆਂ ਵਿਚ, ਨਵੀਂ ਉਤਸ਼ਾਹ ਵਿਚ ਉੱਠ ਕੇ ਆਪਣੇ ਸਾਹਿਬ ਸਤਿਗੁਰੂ ਦੇ ਚਰਨ ਕਮਲਾਂ ਦੇ ਵਿਚ ਜੁੜ ਜਾਂਦੇ ਹਨ। ਉਸ ਵੇਲੇ ਸਾਧ ਸੰਗਤ ਜੀ, ਇਹ ਸਮਝ ਆਈ ਕੇ ਬਾਬਾ ਨੰਦ ਸਿੰਘ ਸਾਹਿਬ ਤਾਂ ਬਚਪਨ ਤੋਂ ਲੈਕੇ ਆਖਰੀ ਦਿਨ ਤਕ ਗੁਰੂ ਨਾਨਕ ਪਾਤਸ਼ਾਹ ਦਾ ਪ੍ਰਕਾਸ਼ ਉਤੱਸਵ ਰੋਜ਼ ਹੀ ਮੰਨਾਉਂਦੇ ਸਨ।12 ਵਜੇ ਇਸ਼ਨਾਨ ਕਰਦੇ ਸਨ ਕਿਉਂਕਿ ਗੁਰੂ ਨਾਨਕ ਪਾਤਸ਼ਾਹ ਦੇ ਪ੍ਰਕਾਸ਼ ਉਤੱਸਵ ਦੇ ਵਕਤ ਤੋਂ ਥੋੜ੍ਹੀ ਦੇਰ ਪਹਿਲੇ ਹੀ ਇਸ਼ਨਾਨ ਕਰਕੇ ਆਪਣੇ ਸਾਹਿਬ ਨਿਰੰਕਾਰ ਸਰੂਪ ਗੁਰੂ ਨਾਨਕ ਪਾਤਸ਼ਾਹ ਨੂੰ ਜੀ ਆਇਆਂ ਕਹਿਣ ਵਾਸਤੇ ਉਸ ਵੇਲੇ ਜੁੜੇ ਬੈਠੇ ਹੁੰਦੇ ਸੀ, ਉਸ ਅਖੰਡ ਪ੍ਰੇਮ ਲੀਨਤਾ ਵਿਚ ਸਮਾ ਜਾਂਦੇ ਸੀ ।ਬਾਬਾ ਨੰਦ ਸਿੰਘ ਸਾਹਿਬ ਦੀ ਲੀਨਤਾ, ਉਸ ਕੋਮਲ ਛੋਟੀ ਜਿਹੀ ਉਮਰ ਵਿਚ ਕਿੰਨੀ ਮਹਾਨ ਸੀ ।

ਸਾਧ ਸੰਗਤ ਜੀ, ਕਿਸੇ ਨੇ ਬਾਬਾ ਨੰਦ ਸਿੰਘ ਸਾਹਿਬ ਨੂੰ ਕਿਸੇ ਬੱਚੇ ਨਾਲ ਗੱਲਾਂ ਕਰਦੇ ਨਹੀਂ ਦੇਖਿਆ, ਕਦੇ ਬਾਬਾ ਨੰਦ ਸਿੰਘ ਸਾਹਿਬ ਨੂੰ ਕਿਸੇ ਬੱਚੇ ਨਾਲ ਖੇਡਦਿਆਂ ਨਹੀਂ ਵੇਖਿਆ। ਕਿਹੜੀ

ਲੀਨਤਾ ਵਿਚ ਬਾਬਾ ਨੰਦ ਸਿੰਘ ਸਾਹਿਬ ਹਰ ਵੇਲੇ ਸਮਾਏ ਰਹਿੰਦੇ ਸਨ?

*ਗੁਰਮੁੱਖ ਗੁਰੂ ਦਾ ਜਨਮ ਦਿਨ ਹਰ ਰੋਜ ਹੀ ਮਨਾਉਂਦੇ ।*
*ਨਵੀਆਂ ਉਮੰਗਾਂ, ਨਵੀਆਂ ਤਰੰਗਾਂ 'ਚ ਰੋਜ ਉੱਠ ਧਿਆਉਂਦੇ ।*
*ਅੱਧੀ ਰਾਤੀਂ ਬਾਬੇ ਉੱਠ ਦੇ ਬਾਰਾਂ ਵਜੇ ਸੀ ਨਹਾਉਂਦੇ ।*
*ਗੁਰੂ ਨਾਨਕ ਦਾ ਪ੍ਰਕਾਸ਼ ਦਿਵਸ ਹਰ ਰੋਜ ਸਨ ਮਨਾਉਂਦੇ ।*
*ਵਾਹ ਵਾਹ ਬਾਬਾ ਨੰਦ ਸਿੰਘ ਜੀ, ਤੇਰਾ ਆਉਣਾ ਨਿਆਰਾ ।*
*ਜਿੰਦ ਵੀ ਵਾਰੀ ਸਭ ਕੁਝ ਵਾਰਿਆ ਤੇਰਾ ਆਉਣਾ ਨਿਆਰਾ ।*
*ਗੁਰੂ ਗ੍ਰੰਥ ਤੇ ਘੋਲ ਘੁਮਾਇਆ ਆਪਣਾ ਜੀਵਨ ਸਾਰਾ ।*
*ਸੁਣੋ ਮੇਰੇ ਵੀਰ ਜੀਉ ਬਾਬੇ ਨੰਦ ਸਿੰਘ ਜੀ ਦੀ ਅਮਰ ਕਥਾ ।*

# ਰੱਬ ਨਹੀ ਸੌਂਦਾ ਨਾ ਕਦੇ ਸੌਂਦਾ ਉਸ ਰੱਬ ਦਾ ਪਿਆਰਾ

*ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥*
*ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥*

ਜਿਸ ਤਰ੍ਹਾਂ ਗੁਰੂ ਅੰਗਦ ਸਾਹਿਬ ਤੜਪੇ ਹਨ, ਉਸ ਵਿਛੋੜੇ ਵਿਚ, ਜਿਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਦੇ ਪਿਆਰ ਵਿਚ। ਸਾਧ ਸੰਗਤ ਜੀ, ਜਰਾ ਸੋਚ ਕੇ ਦੇਖੋ ਕਿ ਜਦੋ ਆਪਣੇ ਸੱਭ ਤੋਂ ਪਿਆਰੇ ਨਾਲ ਵਿਛੋੜਾ ਹੋ ਜਾਏ, ਉਸ ਵੇਲੇ ਕਿੰਨਾਂ ਦੁੱਖ ਅਤੇ ਦਰਦ ਅਸੀਂ ਮਹਿਸੂਸ ਕਰਦੇ ਹਾਂ ਔਰ ਜਿਸ ਨੂੰ ਨਿਰੰਕਾਰ ਨਾਲ ਪਿਆਰ ਹੋ ਜਾਏ ਉਸ ਵਿਛੋੜੇ ਵਿਚ ਕਿੰਨਾ ਦੁੱਖ, ਕਸ਼ਟ, ਦਰਦ ਉਸ ਵੇਲੇ ਦਿਲ ਨੂੰ ਮਹਿਸੂਸ ਹੁੰਦਾ ਹੈ।

**ਉਸ ਤੜਪ ਵਿਚ ਵਿਛੋੜਾ ਦੁੱਖ ਹੀ ਦੁੱਖ ਹੈ, ਜਿਸ ਤਰ੍ਹਾਂ ਵਿਛੋੜਾ ਵਧਦਾ ਰਹਿੰਦਾ ਹੈ, ਦੁੱਖ ਵਧਦਾ ਰਹਿੰਦਾ ਹੈ ਔਰ ਜਿੰਨਾਂ ਹੀ ਦੁੱਖ ਵਧਦਾ ਰਹੇ, ਉਨੀ ਹੀ ਤੜਪ ਵਧਦੀ ਹੈ ਔਰ ਜਿੰਨੀ ਤੜਪ ਵੱਧਦੀ ਰਹੇ ਉਨਾਂ ਪ੍ਰੇਮ ਵੱਧਦਾ ਰਹਿੰਦਾ ਹੈ।**

ਸਾਧ ਸੰਗਤ ਜੀ, ਕਿਸ ਤਰ੍ਹਾਂ ਬਾਬਾ ਨੰਦ ਸਿੰਘ ਸਾਹਿਬ ਜੇ ਨਹੀ ਸੁੱਤੇ, ਇਹ ਕਹੀਏ ਤੇ ਅਤਕਥਨੀ ਨਹੀਂ ਹੋਵੇਗੀ ਕਿ ਜਿਸ ਤਰ੍ਹਾਂ ਜਿਹੜੇ ਪੱਧਰ ਦਾ ਉਨ੍ਹਾਂ ਦਾ ਪਿਆਰ ਸੀ ਜਿਸ ਦੀ ਕੋਈ ਮਿਸਾਲ ਨਹੀਂ ਮਿਲਦੀ, ਕਦੇ ਕੋਈ ਉਸ ਪ੍ਰੇਮ ਦੀ ਤੜਪ ਵਿਚ, ਕੋਈ ਪਿਆਰੇ ਦੀ ਯਾਦ ਵਿਚ

ਉਸ ਵੇਲੇ ਸੌਂ ਸਕਦਾ ਹੈ? ਪਿਆਰ ਦੀ ਤੜਪ ਵਿਚ ਕੋਈ ਸੌਂ ਨਹੀ ਸਕਦਾ। ਸਾਧ ਸੰਗਤ ਜੀ, ਇਹ ਉਸ ਵੇਲੇ ਪਿਤਾ ਜੀ ਨੂੰ ਦੇਖਿਆ ਜਿਸ ਤਰ੍ਹਾਂ ਬਾਬਾ ਨੰਦ ਸਿੰਘ ਸਾਹਿਬ ਦੇ ਪ੍ਰੇਮ ਦੇ ਵਿਚ ਜੇ ਥੋੜ੍ਹੀ ਦੇਰ ਲੇਟਦੇ ਸੀ ਤੇ ਉਨ੍ਹਾਂ ਦਾ ਸਰਾਣਾਂ ਪੂਰਾ ਭਿੱਜਿਆ ਹੁੰਦਾ ਸੀ ਤੇ ਪੁੱਛਿਆ ਕਿ ਤੁਹਾਡਾ ਸਰਾਣਾਂ ਤਾਂ ਸਾਰਾ ਭਿੱਜਿਆ ਪਿਆ ਹੈ। ਉਸ ਪ੍ਰੇਮ ਦੇ ਵਿਚ ਸਾਰੀ ਸਾਰੀ ਰਾਤ ਰੋਂਦੇ ਰਹਿੰਦੇ ਸੀ। ਵਿਛੋੜਾ ਸੀ ਬਾਬਾ ਨੰਦ ਸਿੰਘ ਸਾਹਿਬ ਨਾਲ ਤੇ ਬਾਬਾ ਨੰਦ ਸਿੰਘ ਸਾਹਿਬ ਦਾ ਵਿਛੋੜਾ ਸੀ ਗੁਰੂ ਨਾਨਕ ਪਾਤਸ਼ਾਹ ਨਾਲ।

*ਰੱਬ ਨਹੀ ਸੌਂਦਾ ਨਾਂ ਕਦੇ ਸੌਂਦਾ ਉਸ ਰੱਬ ਦਾ ਪਿਆਰਾ ।*
*ਸੁੱਤਿਆਂ ਕਿਸੇ ਨਹੀ ਦੇਖਿਆ ਇਹ ਆਸ਼ਕ ਕਲੇਰਾਂ ਵਾਲਾ ।*
*ਜਿੰਦ ਵੀ ਵਾਰੀ ਸਭ ਕੁੱਝ ਵਾਰਿਆ, ਤੇਰਾ ਆਉਣਾ ਨਿਆਰਾ ।*
*ਗੁਰੂ ਗ੍ਰੰਥ ਤੇ ਘੋਲ ਘੁਮਾਇਆ ਆਪਣਾ ਜੀਵਨ ਸਾਰਾ ।*
*ਸੁਣੋ ਮੇਰੇ ਵੀਰ ਜੀਉ, ਬਾਬੇ ਨੰਦ ਸਿੰਘ ਜੀ ਦੀ ਅਮਰ ਕਥਾ ।*

# ਆਪਣੇ ਸਾਹਿਬ, ਸ੍ਰੀ ਗੁਰੂ ਗ੍ਰੰਥ ਸਾਹਿਬ ਵੱਲ ਕਦੇ ਪਿੱਠ ਨਹੀ ਕਰਾਂਗਾ।

ਅਜੇ ਸਾਲ ਵੀ ਨਹੀਂ ਬੀਤਿਆ ਸੀ, 6 ਸਾਲ ਦੀ ਉਮਰ ਵਿਚ ਇੱਕ ਦਿਨ ਘਰੋਂ ਕਿਹਾ ਕਿ ਆਪਣੇ ਵੱਡੇ ਭ੍ਰਾਤਾ ਵਾਸਤੇ ਲੱਸੀ ਲੈ ਜਾ। ਸਰਦਾਰ ਭਗਤ ਸਿੰਘ ਆਪਣੇ ਪਿੰਡ ਦੀ ਜਮੀਨ ਤੇ ਹਲ ਵਾਹ ਰਹੇ ਸੀ। ਲੱਸੀ ਚੁੱਕੀ ਹੈ, ਤੁਰ ਪਏ ਹਨ। ਉਨ੍ਹਾਂ ਨੇ ਦੇਖਿਆ ਹੈ ਆਪਣੇ ਛੋਟੇ ਭਰਾ ਨੂੰ ਲੱਸੀ ਲਈ ਆ ਰਿਹਾ ਹੈ। ਹਲ ਖੜ੍ਹਾ ਕਰ ਕੇ ਦਰਖਤ ਦੇ ਥੱਲੇ ਬੈਠ ਗਏ ਹਨ। ਲੱਸੀ ਫੜੀ ਹੈ ਤੇ ਲੱਸੀ ਪੀਣ ਲੱਗੇ ਤਾਂ ਨਾਂ ਲੈ ਕੇ (ਬਾਬਾ ਨੰਦ ਸਿੰਘ ਸਾਹਿਬ ਨੂੰ) ਕਹਿਣ ਲੱਗੇ ਕਿ ਉਨੀ ਦੇਰ ਤੂੰ ਹਲ ਵਾਹ ਲੈ। ਬਾਬਾ ਨੰਦ ਸਿੰਘ ਸਾਹਿਬ ਨੇ ਹਲ ਫੜਿਆ ਹੈ, ਤੁਰੇ ਹਨ, ਖੇਤ ਦੇ ਦੂਜੇ ਕਿਨਾਰੇ ਤੇ ਪਹੁੰਚੇ ਤਾਂ ਉੱਥੇ ਖੜ੍ਹੇ ਹੋ ਗਏ, ਭ੍ਰਾਤਾ ਬੜਾ ਹੈਰਾਨ ਹੋਇਆ ਦੇਖ ਕੇ ਕਿ ਮੁੜੇ ਨਹੀਂ, ਮੋੜਿਆ ਨਹੀਂ ਹਲ ਨੂੰ, ਲੱਸੀ ਪੀ ਕੇ ਉੱਠ ਕੇ ਕੋਲ ਗਿਆ ਹੈ ਭ੍ਰਾਤਾ ਪੁੱਛਦਾ ਹੈ ਨਾਂ ਲੈ ਕੇ ਕਿ ਮੁੜਿਆ ਕਿਉਂ ਨਹੀਂ ਤਾਂ ਅੱਗੋਂ ਫੁਰਮਾਉਣ ਲੱਗੇ ਕਿ ਵੀਰ ਜੀ ਉਹ ਸਾਹਮਣੇ ਘਰ ਵੱਲ ਵੇਖੋ ਕਿ ਉਸ ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਜ਼ਰ ਆ ਰਿਹਾ ਹੈ ਤੇ ਕਿਹਾ ਕਿ ਹਾਂ ਆ ਰਿਹਾ ਹੈ। ਤੇ ਉਸ ਵੇਲੇ ਫੁਰਮਾ ਕੀ ਰਹੇ ਹਨ ਕਿ,

**"ਵੀਰ ਜੀ ਇਹ ਨੰਦ ਸਿੰਘ ਕਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵੱਲ ਪਿੱਠ ਨਹੀਂ ਕਰ ਸਕਦਾ।"**

ਸਰਦਾਰ ਭਗਤ ਸਿੰਘ ਜੀ ਵੇਖ ਕੇ ਹੈਰਾਨ ਹੋ ਰਏ ਹਨ। ਬਿਜਲੀ ਵਾਕਣ ਉਹ ਸਾਰੇ ਪਿਛਲੇ ਵਾਕਿਆਤ ਯਾਦ ਆ ਰਹੇ ਹਨ ਕਿ ਕਿਸ ਤਰ੍ਹਾਂ ਇਹੀ ਮੇਰਾ ਛੋਟਾ ਜਿਹਾ ਵੀਰ ਪ੍ਰਕਾਸ਼ ਦੇ ਵਿਚ ਲਿਪਟਿਆ ਹੋਇਆ ਆਇਆ ਹੈ ਇਸ ਸੰਸਾਰ ਵਿਚ। ਕਿਸ ਤਰ੍ਹਾਂ ਪੰਜ ਸਾਲ ਦੀ ਉਮਰ ਵਿਚ ਮੌਤ ਦੇ ਮੂੰਹ ਵਿਚ ਬੈਠ ਕੇ ਮੌਤ ਸ਼ੇਰ ਦੀ ਸਵਾਰੀ ਕਰਦਿਆਂ ਹੋਇਆਂ ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਨਾਲ ਜੁੜਿਆ ਬੈਠਾ ਹੈ। ਅੱਜ ਇੱਕ ਐਲਾਨੀਆ ਗੱਲ ਕਰ ਰਿਹਾ ਹੈ ਕਿ ਇਹ ਨੰਦ ਸਿੰਘ ਕਦੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵੱਲ ਪਿੱਠ ਨਹੀਂ ਕਰ ਸਕਦਾ। ਸਾਧ ਸੰਗਤ ਜੀ, ਇੱਥੋਂ ਇਕ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਇਹ ਗੁਰਮੁੱਖ, ਗੁਰੂ ਨਾਨਕ ਪਾਤਸ਼ਾਹ ਤੇ ਉਨ੍ਹਾਂ ਦੇ ਹੀ ਤੀਜੇ ਸਰੂਪ ਗੁਰੂ ਅਮਰਦਾਸ ਜੀ ਦੇ ਚਰਨ-ਕਮਲਾਂ ਦਾ ਕਿੱਡਾ ਵੱਡਾ ਕਮਾਲ ਦਾ ਆਸ਼ਕ ਸੀ। ਜੇ ਨਹੀਂ ਪਿੱਠ ਕੀਤੀ ਉਨ੍ਹਾਂ ਨੇ ਗੁਰੂ ਅੰਗਦ ਸਾਹਿਬ ਵੱਲ, ਜੇ ਪੁੱਠੇ ਪੈਰੀ ਤੁਰੇ ਜਾਂਦੇ ਹਨ, ਕੀ ਸਖ਼ਤ ਕੜਾਕੇ ਦੀ ਗਰਮੀ ਹੈ, ਕੀ ਸਖ਼ਤ ਕੜਾਕੇ ਦੀ ਸਰਦੀ ਹੈ, ਸਾਹਿਬ ਨੇ ਪਿੱਠ ਨਹੀਂ ਕੀਤੀ ਆਪਣੇ ਗੁਰੂ ਵੱਲ। ਬਾਬਾ ਨੰਦ ਸਿੰਘ ਸਾਹਿਬ ਉਹੀ ਚਰਨਾਂ ਦੇ ਆਸ਼ਕ, ਉਹੀ ਚਰਨ ਕਮਲਾਂ ਦੇ ਚਿੰਨਾਂ ਨੂੰ ਪ੍ਰਕਾਸ਼ਿਤ ਕਰਨ ਵਾਸਤੇ ਆਏ ਹੋਏ ਹਨ।

ਛੇ ਸਾਲ ਦੀ ਉਮਰ ਵਿਚ ਐਲਾਨ ਕਰ ਦਿੰਦੇ ਹਨ ਕਿ ਆਪਣੇ ਸਾਹਿਬ ਸਤਿਗੁਰੂ ਦੇ ਪਾਕ ਕਦਮਾਂ ਦੇ ਨਿਸ਼ਾਨਾ ਤੇ ਚੱਲਦਾ ਹੋਇਆ ਆਪਣੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵੱਲ ਜਿਹੜੇ ਪ੍ਰਤੱਖ ਮੇਰੇ ਗੁਰੂ ਅਮਰਦਾਸ ਜੀ ਹਨ, ਉਨ੍ਹਾਂ ਵੱਲ ਪਿੱਠ ਨਹੀਂ ਕਰਾਂਗਾ।

*ਛੇ ਸਾਲ ਦੀ ਉਮਰ 'ਚ ਰੱਬੀ ਬਾਲ ਕਮਾਲ ਦਿਖਾਇਆ।*

ਪੂਰੇ ਰੋਹ ਵਿਚ ਵੱਡੇ ਵੀਰ ਨੂੰ ਮੁੱਖੋਂ ਇਹ ਫੁਰਮਾਇਆ ।
ਧਰਤੀ ਤੇ ਪਰਲੋ ਆ ਸਕਦੀ ਅੰਬਰ ਢਹਿ ਢੇਰੀ ਹੋ ਸਕਦੈ ।
ਪਰ ਨੰਦ ਸਿੰਘ ਗੁਰੂ ਗ੍ਰੰਥ ਸਾਹਿਬ ਵੱਲ ਪਿੱਠ ਕਦੇ ਨਹੀ ਕਰ ਸਕਦੈ।
ਵਾਹ ਵਾਹ ਬਾਬਾ ਨੰਦ ਸਿੰਘ ਜੀ ਤੇਰਾ ਆਉਣਾ ਨਿਆਰਾ ।
ਜਿੰਦ ਵੀ ਵਾਰੀ ਸਭ ਕੁਝ ਵਾਰਿਆ, ਤੇਰਾ ਆਉਣਾ ਨਿਆਰਾ ।
ਗੁਰੂ ਗ੍ਰੰਥ ਤੇ ਘੋਲ ਘੁਮਾਇਆ ਆਪਣਾ ਜੀਵਨ ਸਾਰਾ ।
ਸੁਣੋ ਮੇਰੇ ਵੀਰ ਜੀਉ ਬਾਬੇ ਨੰਦ ਸਿੰਘ ਜੀ ਦੀ ਅਮਰ ਕਥਾ ।
ਬਾਰਾਂ ਬਰਸ ਨਿਤ ਨਦੀ ਵੱਲ ਜਾਂਦੇ ਲਾਂਘਾਂ ਭਰਦੇ ।
ਜਾਂਦੇ ਸੀ ਪਛੜੋਈ ਗੁਰੂ ਵੱਲ ਪਿੱਠ ਨਹੀ ਸਨ ਕਰਦੇ ।
ਸੁਣਿਆ ਇਹੋ ਹੈਸੀ, ਬਾਬੇ ਨੰਦ ਸਿੰਘ ਦੀ ਨੀਤੀ ।
ਉਨ੍ਹਾਂ ਨੇ ਵੀ ਕਦੇ ਪਿੱਠ ਨਹੀ ਗੁਰੂ ਗ੍ਰੰਥ ਸਾਹਿਬ ਵੱਲ ਕੀਤੀ ।
ਕਿਸੇ ਜੁੱਗ ਵਿਚ ਕਿਤੇ ਨਹੀ ਦਿਸਦੀ ਐਸੀ ਪ੍ਰੇਮ ਰੀਤੀ।
ਬਾਬੇ ਨੰਦ ਸਿੰਘ ਗੁਰੂ ਗ੍ਰੰਥ ਵੱਲ ਪਿੱਠ ਕਦੇ ਨਹੀ ਕੀਤੀ ।
ਜਿੰਦ ਵੀ ਵਾਰੀ ਸਭ ਕੁਝ ਵਾਰਿਆ, ਤੇਰਾ ਆਉਣਾ ਨਿਆਰਾ ।

*ਗੁਰੂ ਗ੍ਰੰਥ ਤੇ ਘੋਲ ਘੁਮਾਇਆ ਆਪਣਾ ਜੀਵਨ ਸਾਰਾ ।*
*ਸੁਣੋ ਮੇਰੇ ਵੀਰ ਜੀਉ ਬਾਬੇ ਨੰਦ ਸਿੰਘ ਜੀ ਦੀ ਅਮਰ ਕਥਾ ।*
*ਉਹ ਪੂਰਨੇ ਕੋਈ ਨਹੀ ਪਾ ਸਕਦਾ, ਜੋ ਪੂਰਨੇ ਬਾਬਾ ਜੀ ਪਾ ਗਏ ਨੇ ।*
*ਗੁਰੂ ਗ੍ਰੰਥ ਦੀ ਜੋਤ ਵਿਚੋਂ ਨਿਰੰਕਾਰ ਨੂੰ ਪ੍ਰਤੱਖ ਦਿਖਾ ਗਏ ਨੇ ।*

## ਸ਼ੇਸ਼ ਨਾਗ ਦਾ ਪਹਿਰਾ

ਰੋਜ ਰਾਤ ਨੂੰ ਉੱਠ ਕੇ ਆਪਣੇ ਪਰਮ ਲਕਸ਼ ਵੱਲ ਤੁਰ ਪੈਂਦੇ ਸਨ। ਬਾਰਾਂ ਵਜੇ ਇਸ਼ਨਾਨ ਕਰਕੇ ਗੁਰੂ ਨਾਨਕ ਪਾਤਸ਼ਾਹ ਦੇ ਚਰਨ ਕਮਲਾਂ ਨਾਲ ਜੁੜ ਜਾਂਦੇ ਸਨ। ਉਸ ਆਖੰਡ ਪ੍ਰੇਮ ਲੀਨਤਾ ਵਿਚ ਸਾਹਿਬ ਦੇ ਚਰਨਾਂ ਵਿਚ ਸਮਾ ਜਾਂਦੇ ਸਨ। ਉਸ ਵੇਲੇ ਇਸ ਦਰਗਾਹ ਦੇ ਬੱਬਰ ਸ਼ੇਰ ਦਾ ਪਹਿਰਾ ਕੌਣ ਦਿੰਦਾ ਸੀ। ਸਾਰਾ ਜੀਵਨ ਹੀ ਘੋਰ ਤੱਪਸਿਆ ਵਿਚ, ਘਾਲਣਾ ਵਿਚ, ਗੁਜਾਰਿਆ ਸੀ। ਜਿੱਥੇ ਵੀ ਬਾਬਾ ਨੰਦ ਸਿੰਘ ਸਾਹਿਬ ਜੰਗਲਾਂ ਵਿਚ ਇਕੱਲੇ ਹੀ ਉਸ ਪ੍ਰੇਮ ਆਖੰਡ ਸਮਾਧੀ ਵਿਚ ਬੈਠਦੇ ਸੀ, ਉੱਥੇ ਪਹਿਰਾ ਕੌਣ ਦਿੰਦਾ ਸੀ। ਇਸ ਪੈਦਾਇਸ਼ੀ ਗੁਰਮੁੱਖ ਦਾ, ਬ੍ਰਹਮ ਗਿਆਨੀ ਦਾ, ਮਹਾਂ ਤਪਸਵੀ, ਜਤੀ, ਸਤੀ, ਤਪੀ ਦਾ ਪਹਿਰਾ ਉਸ ਵੇਲੇ ਸ਼ੇਸ਼ ਨਾਗ ਦਿੰਦਾ ਸੀ। ਜਿਸ ਨੇ ਵੀ

ਉੱਥੇ ਜਾਣ ਦੀ ਕੋਸ਼ਿਸ਼ ਕੀਤੀ ਉਸ ਦਾ ਰਸਤਾ ਸ਼ੇਸ਼ ਨਾਗ ਰੋਕੀ ਖੜ੍ਹਾ ਹੁੰਦਾ ਸੀ। ਡਰ ਦੇ ਮਾਰੇ ਭੱਜ ਜਾਣਾ। ਉੱਥੇ ਬੱਬਰ ਸ਼ੇਰ ਪਹਿਰਾ ਦੇ ਰਹੇ ਹੁੰਦੇ ਸੀ। ਬੱਬਰ ਸ਼ੇਰ ਦੀ ਧਾੜ ਸੁਣ ਕੇ ਭੱਜ ਜਾਣਾ।

**ਕੋਈ ਜਣਾਂ ਵੀ ਇਸ ਬੱਬਰ ਸ਼ੇਰ ਦੀ ਸਮਾਧੀ ਨੂੰ, ਇਸ ਵਿਚ ਵਿਘਨ ਨਹੀ ਪਾ ਸੱਕਿਆ।**

ਇਹ ਅਵਸਥਾ ਸੀ ਬਚਪਨ ਦੇ ਵਿਚ ਵੀ ਉਸ ਇਕਾਂਤ ਵਿਚ ਬੈਠੇ ਪੈਦਾਇਸ਼ੀ ਗੁਰਮੁੱਖ ਦੀ। ਸਾਧ ਸੰਗਤ ਜੀ, ਸਾਰਾ ਜੀਵਨ ਹੀ ਇਹ ਅਵਸਥਾ ਗੁਰੂ ਪਰਾਇਣ ਵਾਲੀ, ਗੁਰੂ ਪਰਾਇਣ ਕਿੱਦਾਂ ਹੋਣਾ ਹੈ? ਪਰਮੇਸਰ ਪਰਾਇਣ ਕਿੱਦਾਂ ਹੋਣਾ ਹੈ? ਸਾਧ ਸੰਗਤ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਸਮਰਪਿਤ ਕਿੱਦਾਂ ਹੋਣਾ ਹੈ? ਇਹ ਬਾਬਾ ਨੰਦ ਸਿੰਘ ਸਾਹਿਬ ਦਾ ਜੀਵਨ ਸੀ ਅਤੇ ਉਸ ਦੇ ਪੂਰਨੇ ਇਹ ਰੱਬੀ ਬਾਲ ਉਸ ਵੇਲੇ ਹੀ ਪਾ ਰਿਹਾ ਹੈ।

*ਸੱਪ ਖੜੱਪੇ ਫਨੀਅਰ ਕਾਲੇ, ਤੇਰੇ ਚਰਨਾਂ ਤੋ ਬਲਿਹਾਰ।*
*ਬਾਬਾ ਜੀ ਨੂੰ ਪਹਿਰਾ ਦੇ ਗਏ ਆਪਣਾ ਫੰਨ੍ਹ ਖਿਲਾਰ।*
*ਬੱਬਰ ਸ਼ੇਰ ਸਵਾਰੀ ਤੇਰੀ, ਬੱਬਰ ਸ਼ੇਰ ਪਹਿਰੇਦਾਰ।*
*ਸੁਣੋ ਮੇਰੇ ਵੀਰ ਜੀਉ ਬਾਬੇ ਨੰਦ ਸਿੰਘ ਜੀ ਦੀ ਅਮਰ ਕਥਾ।*

# ਭੁਲਣ ਅੰਦਰ ਸਭ ਕੋ

ਇਕ ਦਫਾ ਬਾਬਾ ਨੰਦ ਸਿੰਘ ਸਾਹਿਬ ਨੇ ਸਮਝਾਇਆ ਕਹਿਣ ਲੱਗੇ, ਸਿੱਖ ਕੌਣ ਹੈ? ਫਿਰ ਪਿਤਾ ਜੀ (ਬਾਬਾ ਨਰਿੰਦਰ ਸਿੰਘ ਸਾਹਿਬ) ਕਹਿਣ ਲੱਗੇ ਕਿ ਬਾਬੇ ਫੁਰਮਾਉਣ ਲੱਗੇ ਕਿ ਸਿੱਖ ਉਹ ਹੈ ਜਿਹੜਾ ਭੁੱਲ ਕਰੇ ਕੋਈ ਨਾਂ ਪਰ ਆਪਣੇ ਆਪ ਨੂੰ ਅਤੀ ਭੁੱਲਣਭਾਰ ਸਮਝੇ ਅਤੇ ਹਰ ਵੇਲੇ ਆਪਣੀਆਂ ਭੁੱਲਾ ਦੀ ਬਖਸ਼ਾਉਣ ਦੀ ਅਰਦਾਸ ਕਰਦਾ ਰਹੇ। ਫਿਰ ਪਿਤਾ ਜੀ ਨੇ ਇਹ ਸਮਝਾਉਂਦੇ ਹੋਏ ਜਿਹੜੀ ਚੀਜ਼ ਕਹੀ, ਉਨ੍ਹਾਂ ਨੇ ਕਿਹਾ ਦੇਖੋ ਕੋਈ ਇਨਸਾਨ ਐਸਾ ਨਹੀ ਜਿਸਨੇ ਭੁੱਲਾਂ ਨਹੀ ਕੀਤੀਆਂ। **ਭੁਲਣ ਅੰਦਰ ਸਭ ਕੋ, ਅਭੁਲ ਗੁਰੂ ਕਰਤਾਰ ॥** ਹਰ ਇਕ ਨੇ ਭੁੱਲਾਂ ਕੀਤੀਆਂ ਹਨ ਕਈ ਗੁਨਾਹ ਕੀਤੇ, ਕਈ ਪਾਪ ਕੀਤੇ ਹਨ। ਪਿਛਲੇ ਜਨਮਾਂ ਦਾ ਤਾਂ ਕਿਸੇ ਨੂੰ ਯਾਦ ਨਹੀਂ ਪਰ ਇਸ ਜਨਮ ਦੇ ਸਭ ਨੂੰ ਯਾਦ ਹੁੰਦੇ ਹਨ ਕਿਉਂਕਿ ਹਰ ਇੱਕ ਜਣਾਂ ਹੀ ਭੁੱਲਣਹਾਰ ਹੈ, **ਅਭੁਲ ਗੁਰੂ ਕਰਤਾਰ,** ਆਪਣੀਆਂ ਭੁੱਲਾਂ ਨੂੰ ਕਦੇ ਵੀ ਨਾਂ ਭੁੱਲੇ। ਉਨ੍ਹਾਂ ਗਲਤੀਆਂ ਨੂੰ ਉਨ੍ਹਾਂ ਗੁਨਾਹਾਂ ਨੂੰ, ਉਨ੍ਹਾਂ ਪਾਪਾਂ ਨੂੰ ਕਦੇ ਵੀ ਨਾ ਭੁੱਲੇ। ਫਿਰ ਪਿਤਾ ਜੀ ਫੁਰਮਾਉਣ ਲੱਗੇ, ਬਾਬਾ ਨੰਦ ਸਿੰਘ ਸਾਹਿਬ ਨੇ ਇਕ ਦਫ਼ਾ ਫੁਰਮਾਇਆ ਕਿ,

> **ਸਾਡੀ ਆਪਣੇ ਹਿਸਾਬ ਦੇ ਨਾਲ, ਸਾਡੇ ਆਪਣੇ ਜਤਨਾਂ ਤੇ ਸਾਧਨਾਂ ਨਾਲ ਪੂਰੀ ਨਹੀਂ ਪੈਣੀ, ਨਹੀਂ ਮੁੱਕਣੀ, ਉਸ ਦੀ ਬਖਸ਼ਿਸ਼ ਦੇ ਨਾਲ ਹੀ ਹਿਸਾਬ ਪੂਰਾ ਹੋਣਾ ਹੈ। ਜਿਸ ਵੇਲੇ ਉਸ ਨੇ ਬਖਸ਼ ਦਿੱਤਾ ਤਾਂ ਉਸ ਵੇਲੇ ਬਖਸ਼ਿਆ ਗਿਆ।**

ਫਿਰ ਪਿਤਾ ਜੀ ਸੰਗਤ ਵਿਚ ਬੈਠਿਆਂ ਸਾਰਿਆਂ ਨੂੰ ਫੁਰਮਾਉਣ ਲੱਗੇ, ਮੈਨੂੰ ਕਹਿਣ ਲੱਗੇ,

**ਪੁੱਤ ਵੱਡੀ ਤੋਂ ਵੱਡੀ ਬਖਸ਼ਿਸ਼ ਹੋ ਰਹੀ ਹੋਵੇ ਔਰ ਨਜ਼ਰ ਆ ਰਿਹਾ ਹੋਵੇ ਕਿ ਤੁਹਾਡੇ ਤੇ ਹੋ ਰਹੀ ਹੈ ਪਰ ਉਸ ਵੇਲੇ ਵੀ ਆਪਣੀਆਂ ਭੁੱਲਾਂ ਨੂੰ ਚੇਤੇ ਰੱਖਦਾ ਹੋਇਆ ਇਕੋ ਹੀ ਬੇਨਤੀ ਕਰਦਾ ਰਹੇ।**

*ਗੁਰੂ ਨਾਨਕ ਦਾਤਾ ਬਖਸ਼ ਲੈ ।*
*ਬਾਬਾ ਨਾਨਕ ਬਖਸ਼ ਲੈ ।।*

*ਗੁਰੂ ਨਾਨਕ ਦਾਤਾ ਬਖਸ਼ ਲੈ ।*
*ਬਾਬਾ ਨਾਨਕ ਬਖਸ਼ ਲੈ ।।*

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ 300 ਸਾਲਾ ਗੁਰ-ਗੱਦੀ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨ ਕਮਲਾਂ ਦੀ ਸੁਗੰਧੀ ਪਿਤਾ ਜੀ ਦੇ ਲਫਜ਼ਾ ਵਿਚ।ਨਿਰੰਕਾਰ ਦਾ ਪਹਿਲਾ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ **'ਨਿਮਰਤਾ'** ਹੈ, ਸ਼ੁਰੂਆਤ ਵੀ ਨਿਮਰਤਾ ਹੈ, ਸਮਾਪਤੀ ਵੀ ਨਿਮਰਤਾ ਹੈ।**ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇੱਕ-ਇੱਕ ਸ਼ਬਦ ਦਾ ਜੋ ਤੱਤ ਹੈ 'ਮੈਂ' ਨਹੀਂ ਸਿਰਫ਼ ਤੂੰ ਇਹ ਉਹ ਇਲਾਹੀ ਚੱਕੀ ਹੈ ਜਿਸ ਵਿਚ ਇਹ 'ਮੈਂ' ਹਉਮੈਂ ਪੀਸੀ ਜਾਂਦੀ ਹੈ।**ਪਹਿਲਾ ਪ੍ਰਕਾਸ਼ ਗੁਰੂ ਨਾਨਕ ਨਿਰੰਕਾਰ ਜਿਸ ਤਰ੍ਹਾਂ ਜਪੁਜੀ ਸਾਹਿਬ ਵਿਚ ਫੁਰਮਾਉਂਦੇ ਹਨ, **ਨਾਨਕੁ ਨੀਚੁ ਕਹੈ ਵੀਚਾਰ,** ਨਿਰੰਕਾਰ ਦਾ ਪਹਿਲਾ ਪ੍ਰਕਾਸ਼

ਹੀ ਨਿਮਰਤਾ ਤੇ ਗਰੀਬੀ ਹੈ। ਜਿਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਰਜਣਾ ਪੂਰੀ ਕਰਕੇ ਪੰਜਵੇਂ ਗੁਰੂ ਨਾਨਕ, **ਪਰਤਖ੍ਯ ਹਰਿ ਗੁਰੂ ਅਰਜਨ ਪਾਤਸ਼ਾਹ,**

*ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥*
*ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ ॥*
*ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰ ਸਜਣੁ ਮਿਲਿਆ ॥*
*ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥*

**"ਤੇਰਾ ਕੀਤਾ ਜਾਤੋ ਨਾਹੀਂ"**, ਮੈਨੂੰ ਕਿੱਥੋਂ ਯੋਗਤਾ ਹੈ ਕਿ ਤੇਰੀ ਬਖਸ਼ਿਸ਼ ਨੂੰ ਜਾਣ ਸਕਾਂ **"ਮੈਂ ਨਿਰਗੁਣਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ"** ਤੇ ਸੱਚੇ ਪਾਤਸ਼ਾਹ ਮੈਂ **ਨਿਰਗੁਣਆਰਾ ਹਾਂ**, ਇਕ ਵੀ ਗੁਣ ਨਹੀਂ ਹੈ। ਤੂੰ ਮੇਰੇ ਤੇ ਤਰਸ ਕੀਤਾ ਹੈ, ਇਹ ਕਾਰਜ ਪੂਰਾ ਕਰਵਾ ਲਿਆ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ। ਸਾਧ ਸੰਗਤ ਜੀ, ਨਿਰੰਕਾਰ ਦਾ ਜਿਹੜਾ ਪ੍ਰਕਾਸ਼ ਹੈ ਪਿਤਾ ਜੀ ਕਹਿੰਦੇ ਨਿਮਰਤਾ ਤੇ ਗਰੀਬੀ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਜਿਹੜਾ ਪ੍ਰਕਾਸ਼ ਹੈ ਨਿਮਰਤਾ ਤੇ ਗਰੀਬੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨ ਕਮਲਾਂ ਦੀ ਸੁਗੰਧੀ ਨਿਮਰਤਾ ਤੇ ਗਰੀਬੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨ ਕਮਲਾਂ ਦੀ ਸੁਗੰਧੀ ਨਿਮਰਤਾ ਤੇ ਗਰੀਬੀ, ਫਿਰ ਜੇ ਗੁਰੂ ਨਾਨਕ ਪਾਤਸ਼ਾਹ ਇਹ ਫੁਰਮਾ ਰਹੇ ਹਨ, ਗੁਰੂ ਗੋਬਿੰਦ ਸਿੰਘ ਸਾਹਿਬ ਇਸੇ ਗੁਰੂ ਗੱਦੀ ਦਿਵਸ ਦੇ ਉੱਤੇ ਆਪਣਾ ਮਸਤਕ ਟੇਕਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨ ਕਮਲਾਂ ਵਿਚ, ਉਨ੍ਹਾਂ ਦੇ ਵਿਚੋਂ ਵੀ ਪਿਤਾ ਜੀ ਕਹਿੰਦੇ ਧੁਨੀਂ ਗੂੰਜ ਰਹੀ ਹੈ।

*ਜੋ ਹਮ ਕੋ ਪਰਮੇਸਰ ਉਚਰਿ ਹੈ ॥*
*ਤੇ ਸਭ ਨਰਕ ਕੁੰਡ ਮਹਿ ਪਰਿ ਹੈ ॥*

ਨਿਮਰਤਾ ਹੀ ਨਿਮਰਤਾ ਤੇ ਗਰੀਬੀ ਦਾ ਪ੍ਰਕਾਸ਼ ਹੀ ਪ੍ਰਕਾਸ਼ ਹੈ। ਫਿਰ ਪਿਤਾ ਜੀ ਕਹਿਣ ਲੱਗੇ, ਇਸ ਨਿਮਰਤਾ ਤੇ ਗਰੀਬੀ ਨੇ ਵੀ ਇੱਕ ਸਰੂਪ ਧਾਰਿਆ ਹੈ।

**ਇਸ ਨਿਮਰਤਾ ਤੇ ਗਰੀਬੀ ਦੀ ਵੀ ਕੋਈ ਰੂਪ ਰੇਖਾ ਹੈ ਔਰ ਇਸ ਨਿਮਰਤਾ ਤੇ ਗਰੀਬੀ ਦਾ ਫਿਰ ਜੋ ਸਰੂਪ ਧਾਰਿਆ ਹੈ ਉਹ ਮੇਰੇ ਬਾਬਾ ਨੰਦ ਸਿੰਘ ਸਾਹਿਬ ਨੇ ਧਾਰਿਆ ਹੈ।**

**ਬਾਬਾ ਨੰਦ ਸਿੰਘ ਸਾਹਿਬ ਆਪਣੇ ਆਪ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨ ਕਮਲਾਂ ਵਿਚ ਸਭ ਤੋਂ ਵੱਡੀ ਵਿਨੱਮਰ ਸ਼ਰਧਾਂਜਲੀ ਹੈ।**

*ਨੂਰ ਹੈ ਇਲਾਹੀ ਇਕ ਬਾਬਾ ਨੰਦ ਸਿੰਘ।*
*ਸਾਰਾ ਹੀ ਜ਼ਮਾਨਾ ਜਿੰਨੇ ਕੀਤਾ ਨੂਰੋ ਨੂਰ ਹੈ।*

*ਸੁਣੋਂ ਮੇਰੇ ਵੀਰ ਜੀਓ ਬਾਬੇ ਨੰਦ ਸਿੰਘ ਜੀ ਦੀ ਅਮਰ ਕਥਾ।*

*ਪੂਜਾ ਤੂੰ ਕਰਾਈ ਗੁਰੂ ਗ੍ਰੰਥ ਦੀ ਜਹਾਨ ਵਿਚ।*
*ਏਸੇ ਵੱਜੋਂ ਬਾਬਾ ਜੀ ਤੈਨੂੰ ਪੂਜਦਾ ਜਹਾਨ ਹੈ।*

ਕੀਤੀ ਨਜ਼ਰ ਮੇਹਰ ਦੀ ਇਕ ਬਾਬਿਆਂ,
ਸਾਨੂੰ ਫਰਸ਼ੋਂ, ਅਰਸ਼ ਤੇ ਉਠਾ ਕੇ ਗਏ ।

ਪ੍ਰੇਮ ਨਿਮਰਤਾ ਦਾ ਪਾਠ ਪੜ੍ਹਾ ਕੇ ਗਏ,
ਸਾਡੇ ਜੀਵਨ ਦੀ ਕਾਇਆ ਪਲਟਾ ਕੇ ਗਏ ।

ਵਰਖਾ ਨਾਮ ਦੀ ਕਰਕੇ ਉਹ ਬਾਬੇ,
ਸਾਰੇ ਜਗਤ ਜਲੰਦੇ ਨੂੰ ਠਾਰ ਕੇ ਗਏ ।

ਜੋ ਵੀ ਮੰਗਿਆ ਅਸੀਂ ਮੰਗਤਿਆਂ ਨੇ ਸਾਡੀ ਝੋਲੀ ਦੇ ਵਿਚ ਪਾ ਕੇ ਗਏ।

ਬਾਬੇ ਉਨ੍ਹਾਂ ਦੇ ਸਦਾ ਨਜਦੀਕ ਹੁੰਦੇ,
ਜਿਨ੍ਹਾਂ ਹਿਰਦਿਆਂ ਵਿਚ ਸਫਾਈ ਹੋਵੇ।

ਅੱਜ ਜਨਮ ਦਿਵਸ ਬਾਬੇ ਨੰਦ ਸਿੰਘ ਦਾ,
ਬਾਬਾ ਨੰਦ ਸਿੰਘ ਸਾਹਿਬ ਨੂੰ ਵਧਾਈ ਹੋਵੇ।

ਜਿੱਥੇ ਵੀ ਬਾਬਾ ਨੰਦ ਸਿੰਘ ਜੀ ਮੁੱਖੋ ਪ੍ਰਵਚਨ ਸੁਣਾ ਗਏ ਨੇ ।

ਨਿਮਰਤਾ ਤੇ ਗਰੀਬੀ ਦੀ ਮਿਹਰਾਂ ਦਾ ਮੀਹ ਵਰਸਾ ਗਏ ਨੇ ।

ਤੂੰ ਨਿਮਰਤਾ ਤੇ ਗਰੀਬੀ ਦਾ ਪ੍ਰਕਾਸ਼ ਬਾਬਾ ਨੰਦ ਸਿੰਘ ਜੀ ।

ਤੂੰ ਨਾਮ ਦੀ ਵਰਸ਼ਾ ਲਾਈ ਮੋਲ੍ਹੇ ਧਾਰ ਬਾਬਾ ਨੰਦ ਸਿੰਘ ਜੀ ।

ਸਾਧ ਸੰਗਤ ਜੀ ਇਸ ਨਿਮਰਤਾ ਤੇ ਗਰੀਬੀ ਦੇ ਪ੍ਰਕਾਸ਼ ਵਿਚ ਆਪ ਨਾਲ ਬਾਬਾ ਨੰਦ ਸਿਘ ਸਾਹਿਬ ਦਾ ਬਚਪਨ ਉਨ੍ਹਾਂ ਦੀ ਬਾਲ ਲੀਲ੍ਹਾ, ਕੁੱਝ ਵਾਕਿਆ ਉਹ ਆਪ ਦੇ ਨਾਲ ਸਾਂਝੇ ਕੀਤੇ ਹਨ। ਉਨ੍ਹਾਂ ਦੀ ਨਿਮਰਤਾ ਤੇ ਗਰੀਬੀ ਦੇ ਪ੍ਰਕਾਸ਼ ਵਿਚ ਹੀ ਉਨ੍ਹਾਂ ਦੇ ਮਹਾਨ ਪੂਰਨੇ ਆਪ ਨਾਲ ਅਗਲੇ ਪ੍ਰੋਗ੍ਰਾਮ ਵਿਚ ਸਾਂਝੇ ਕਰਾਂਗਾ।

*ਵਾਹ ਵਾਹ ਬਾਬਾ ਨੰਦ ਸਿਘ ਜੀ*
*ਤੇਰਾ ਆਉਣਾ ਨਿਆਰਾ।*

*ਗੁਰੂ ਗ੍ਰੰਥ ਤੇ ਘੋਲ ਘੁਮਾਇਆ*
*ਆਪਣਾ ਜੀਵਨ ਸਾਰਾ।*

**ਗੁਰੂ ਨਾਨਕ ਦਾਤਾ ਬਖਸ਼ ਲੈ।**

**ਬਾਬਾ ਨਾਨਕ ਬਖਸ਼ ਲੈ ॥**